**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**

**ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ: 0172-2623206, 2623207**

---

# ਜਨਤਕ ਸੂਚਨਾਂ

ਹਰ ਆਮ ਖਾਸ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ 6 ਤੋਂ 14 ਸਾਲ ਦੇ ਬੱਚਿਆਂ ਨੂੰ ਮਿਆਰੀ ਪੱਧਰ ਦੀ ਸਿੱਖਿਆ ਦਾ ਮੌਲਿਕ ਅਧਿਕਾਰ ਪ੍ਰਦਾਨ ਕਰਨ ਲਈ The Right of Children to free and Compulsory Education Act, 2009 ਪਹਿਲੀ ਅਪ੍ਰੈਲ, 2010 ਤੋਂ ਲਾਗੂ ਹੋ ਚੁੱਕਾ ਹੈ।ਐਕਟ ਅਧੀਨ ਬਣਾਏ ਗਏ Right of Children to free and Compulsory Education Rules, 2011 ਪੰਜਾਬ ਸਰਕਾਰ ਗਜ਼ਟ (ਆਸਧਾਰਣ) ਮਿਤੀ 12 ਅਕਤੂਬਰ 2011 ਵਿੱਚ ਪ੍ਰਕਾਸ਼ਨ ਹੋ ਜਾਣ ਉਪਰੰਤ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਲਾਗੂ ਹੋ ਚੁੱਕੇ ਹਨ। ਨਿਯਮ 11 ਅਧੀਨ ਰਾਜ ਸਰਕਾਰ ਜਾਂ ਸਥਾਨਕ ਅਥਾਰਇਟੀ , ਜਿਹੀ ਕਿ ਸੂਰਤ ਹੋਵੇ, ਦੁਆਰਾ ਸਥਾਪਤ ਜਾਂ ਉਸ ਦੀ ਮਾਲਕੀ ਜਾਂ ਕੰਟਰੋਲ ਅਧੀਨ ਸਕੂਲ ਤੋਂ ਬਿਨਾ ਪ੍ਰੀ-ਪ੍ਰਾਇਮਰੀ/ਜਾਂ ਪ੍ਰਾਇਮਰੀ ਜਾਂ ਅਪਰ ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਨ ਵਾਲਾ ਹਰਿਕ ਸਕੂਲ ਜੋ ਇਸ ਐਕਟ ਜਾਂ ਨਿਯਮਾਂ ਦੇ ਲਾਗੂ ਹੋਣ ਤੋਂ ਪਹਿਲਾ ਸਥਾਪਤ ਹੋ ਚੁੱਕਾ ਹੈ, ਲਈ ਇਹ ਲਾਜ਼ਮੀ ਹੈ ਕਿ ਉਹ ਮਾਨਤਾ ਪ੍ਰਾਪਤ ਕਰਨ ਦੇ ਲਈ ਇਨ੍ਹਾਂ ਨਿਯਮਾਂ ਦੇ ਲਾਗੂ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ-ਅੰਦਰ ਨਿਯਮ 11 ਅਧੀਨ ਫ਼ਾਰਮ ਨੰ: 1 ਵਿੱਚ ਸਵੈ ਘੋਸ਼ਨਾ ਭਰ ਕੇ ਆਪਣੀ ਦਰਖਾਸ਼ਤ ਸਬੰਧਤ ਜਿਲ੍ਹਾਂ ਸਿੱਖਿਆ ਅਫ਼ਸਰ (ਐਲੀਮੈਂਟਰੀ) ਨੂੰ ਦੇਵੇਗਾ। ਜਿਲ੍ਹਾਂ ਸਿੱਖਿਆ ਅਫ਼ਸਰ (ਐਲੀਮੈਂਟਰੀ) ਨਿਯਮਾਂ ਅਧੀਨ ਦਰਜ਼ ਜ਼ਾਬਤਾ ਅਪਣਾਉਦੇ ਹੋਏ ਤਿੰਨ ਮਹੀਨੇ ਦੇ ਅੰਦਰ-ਅੰਦਰ ਸਕੂਲ ਦੀ ਇੰਨਸਪੈਕਸ਼ਨ ਕਰੇਗਾ ਅਤੇ ਜੇਕਰ ਸਕੂਲ ਨਾਰਮਜ਼ ਸਟੈਡਰਡਸ਼ ਅਤੇ ਸ਼ਰਤਾਂ ਦੇ ਅਨੁਕੂਲ ਪਾਇਆ ਜਾਂਦਾ ਹੈ ਤਾਂ ਜਿਲ੍ਹਾਂ ਸਿੱਖਿਆ ਅਫ਼ਸਰ (ਐਲੀਮੈਂਟਰੀ) ਮਾਨਤਾ ਸਰਟੀਫਿਕੇਟ ਪ੍ਰਦਾਨ ਕਰੇਗੇ। ਜੇਕਰ ਕੋਈ ਸਕੂਲ ਨਾਰਮਜ਼ ਸਟੈਡਰਡ ਅਤੇ ਸ਼ਰਤਾਂ ਦੇ ਅਨੁਕੂਲ ਨਹੀਂ ਪਾਇਆ ਜਾਂਦਾ ਤਾਂ ਜਿਲ੍ਹਾਂ ਸਿੱਖਿਆ ਅਫ਼ਸਰ ਉਸ ਸਕੂਲ ਨੂੰ ਆਪਣੇ ਹੁਕਮ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾਂ ਰਾਹੀਂ ਸੂਚੀਬੱਧ ਕਰੇਗਾ। ਅਜਿਹਾ ਸਕੂਲ ਹੁਕਮ ਪ੍ਰਕਾਸ਼ਤ ਹੋਣ ਤੋਂ ਇੱਕ ਸਾਲ ਦੇ ਅੰਦਰ 40 ਪ੍ਰਤੀਸ਼ਤ ਤਰੁਟੀਆਂ ਦੂਰ ਕਰ ਸਕੇਗਾ ਅਤੇ ਉਸ ਦੀ ਸੂਚਨਾਂ ਜਿਲ੍ਹਾਂ ਸਿੱਖਿਆ ਅਫ਼ਸਰ ਨੂੰ ਦੇਵੇਗਾ। ਐਪਰ, ਅਜਿਹੇ ਸਕੂਲ ਲਈ ਨਿਯਮਾ ਦੇ ਲਾਗੂ ਹੋਣ ਤੋਂ ਤਿੰਨ ਸਾਲ ਦੇ ਅੰਦਰ-ਅੰਦਰ ਸਾਰੀਆਂ ਤਰੁਟੀਆਂ ਦੂਰ ਕਰਨੀਆਂ ਲਾਜ਼ਮੀ ਹਨ।ਉਹ ਸਕੂਲ ਜੋ ਮਿੱਥੇ ਸਮੇਂ ਅੰਦਰ ਨਾਰਮਜ਼ ਸਟੈਡਰਡ ਅਤੇ ਸ਼ਰਤਾਂ ਪੂਰੀਆਂ ਨਹੀਂ ਕਰਨਗੇ ਉਹ ਬੰਦ ਕਰ ਦਿੱਤੇ ਜਾਣਗੇ। ਰਾਜ ਸਰਕਾਰ ਜਾਂ ਸਥਾਨਕ ਅਥਾਰਟੀ, ਜਿਹੀ ਕੀ ਸੂਰਤ ਹੋਵੇ ਦੁਆਰਾ ਸਥਾਪਤ ਜਾਂ ਉਸ ਦੀ ਮਾਲਕੀ ਅਧੀਨ ਤੋਂ ਬਿਨਾਂ ਕੋਈ ਸਕੂਲ ਜੋ ਨਿਯਮਾਂ ਦੇ ਲਾਗੂ ਹੋਣ ਤੋਂ ਬਾਅਦ ਸਥਾਪਤ ਕੀਤਾ ਜਾਂਦਾ ਹੈ ਦੇ ਲਈ ਵੀ ਮਾਨਤਾ ਪ੍ਰਾਪਤ ਕਰਨ ਲਈ ਨਾਰਮਜ਼ ਸਟੈਡਰਡ ਅਤੇ ਸ਼ਰਤਾਂ ਪੂਰੀਆਂ ਕਰਨੀਆਂ ਲਾਜ਼ਮੀ ਹੋਣਗੀਆਂ ਅਤੇ ਅਜਿਹਾ ਸਕੂਲ ਸਥਾਪਤ ਕਰਨ ਤੋਂ ਪਹਿਲਾ ਸਕੂਲ ਦੇ ਮਾਲਕ ਜਾਂ ਪ੍ਰਬੰਧਕੀ ਕਮੇਟੀ ਜਾਂ ਉਸ ਵੱਲੋਂ ਅਧਿਕਾਰਤ ਵਿਅਕਤੀ ਵੱਲੋਂ ਫ਼ਾਰਮ 1 ਵਿੱਚ ਸਬੰਧਿਤ ਜਿਲ੍ਹਾਂ ਸਿੱਖਿਆ ਅਫ਼ਸਰ ਐਲੀਮੈਂਟਰੀ ਨੂੰ ਫ਼ਾਰਮ 1 ਵਿੱਚ ਘੋਸ਼ਨਾ ਪੱਤਰ ਦੇਣਾ ਪਵੇਗਾ ਅਤੇ ਨਿਯਮਾਂ ਅਧੀਨ ਪੂਰਾ ਜ਼ਾਬਤਾ ਅਪਣਾਏ ਜਾਣ ਉਪਰੰਤ ਜਿਲ੍ਹਾਂ ਸਿੱਖਿਆ ਅਫ਼ਸਰ ਐਲੀਮੈਂਟਰੀ ਵੱਲੋਂ ਦਿੱਤਾ ਜਾਣ ਵਾਲਾ ਮਾਨਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਹੀ ਸਕੂਲ ਖੋਲਿਆ ਜਾ ਸਕੇਗਾ। ਫ਼ਾਰਮ ਸਰਵ ਸਿੱਖਿਆ ਅਭਿਆਨ ਦੀ ਵੈਬ ਸਾਈਟ (ssapunjab.org) ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ, ਚੰਡੀਗੜ੍ਹ।**